ਵੱਲੋ,

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸਾਖਾ,
ਲੋ:ਨਿ:ਵਿ:, ਰੂਪਨਗਰ।

ਵੱਲ,

Chairman ,
Neta Ji Model School ,
Rupnagar

ਨੰ:- 204 ਮਿਤੀ: 13/3/2025

**ਵਿਸ਼ਾ:-** **ਸਾਲ 2025-26 ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।**

**ਹਵਾਲਾ:-** ਆਪ ਜੀ ਦਾ ਪੱਤਰ 20110 /NJMS/301/BS/F25 ਮਿਤੀ 11-03-2025

ਉਪਰੋਕਤ ਵਿਸ਼ੇ ਸਬੰਧੀ ਨਿਮਨਹਸਤਾਖਰ ਵਲੋ ਆਪ ਦੇ ਸਕੂਲ ਦੀ ਬਿਲਡਿੰਗ ਦਾ ਸਬੰਧਤ ਜੇ.ਈ ਨਾਲ ਨਿਰੀਖਣ ਮਿਤੀ 12-3-2025 ਨੂੰ ਕੀਤਾ ਗਿਆ ਅਤੇ ਨਿਰੀਖਣ ਦੌਰਾਨ ਸਕੂਲ ਦੀ ਬਿਲਡਿੰਗ ਠੀਕ ਪਾਈ ਗਈ ਹੈ। ਇਸ ਲਈ ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਆਪ ਨੂੰ ਹੇਠਾਂ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

1. ਨਿਰੀਖਣ ਤੋਂ ਬਾਅਦ ਜੇਕਰ ਆਪ ਵੱਲੋਂ ਦਰਸਾਈ ਗਈ ਬਿਲਡਿੰਗ ਵਿਚ ਕੋਈ ਵੀ ਵਾਧਾ/ਬਦਲਾਵ ਕੀਤਾ ਜਾਦਾ ਹੈ ਤਾਂ ਉਹ ਕਿਸੇ ਮਾਨਤਾ ਪ੍ਰਾਪਤ ਇੰਜੀਨੀਅਰ ਦੀ ਨਿਗਰਾਨੀ ਵਿੱਚ ਕਰਵਾਇਆ ਜਾਵੇ ਅਤੇ ਬਿਲਡਿੰਗ ਦੀ ਸੇਫਟੀ ਸੰਬਧੀ ਮਾਨਤਾ ਪ੍ਰਾਪਤ ਸਟੱਕਚਰਲ ਇੰਜੀਨੀਅਰ ਤੋਂ ਦੁਬਾਰਾ ਪ੍ਰਵਾਨਗੀ ਲੈਣ ਉਪਰੰਤ ਇਸ ਦਫਤਰ ਤੋਂ ਦਰਸਾਈਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਦੁਬਾਰਾ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਵਾਇਆ ਜਾਵੇ।
2. ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਆਪ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।
3 ਇਹਨਾ ਸਰਤਾਂ ਤੋ ਇਲਾਵਾ ਫਾਇਰ ਸਰਟੀਫਿਕੇਟ ਸਬੰਧਤ ਵਿਭਾਗ ਤੋ ਪ੍ਰਾਪਤ ਕੀਤਾ ਜਾਵੇ।

ਉਪਰੋਕਤ ਸਰਤਾਂ ਅਨੁਸਾਰ ਆਪ ਨੂੰ ਸਾਲ 2025-26 (01/04/2025 to 31/03/2026) ਲਈ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

ਨੱਥੀ/

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸਾਖਾ,
ਲੋ:ਨਿ:ਵਿ:, ਰੂਪਨਗਰ।

ਪਿੱਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਲੋ:ਨਿ:ਵਿ: ਭਤੇਮ ਸ਼ਾਖਾ, ਰੂਪਨਗਰ ਨੂੰ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/×

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ ਭਤੇਮ ਸਾਖਾ,
ਲੋ:ਨਿ:ਵਿ:, ਰੂਪਨਗਰ।